ਸਚੁ ਸੁਣਾਇਸੀ ਸਚ ਕੀ ਬੇਲਾ
ਰੋਜ਼ਾਨਾ ਸਪੋਕਸਮੈਨ
ਸਪਤਾਹਿਕੀ
ਐਤਵਾਰ, 9 ਮਾਰਚ, 2014

ਪੱਛਮ ਵਿਚ ਆਜ਼ਾਦ ਸਿੱਖ ਹਸਤੀ ਤੇ ਸਿੱਖੀ ਦੀ ਹੋਂਦ ਉਤੇ ਸੱਟ ਮਾਰਨ ਲਈ ਹੁਣ ਸਿੱਖ ਹੀ ਅੱਗੇ ਕੀਤੇ

ਡਾ. ਗੁਰਦਰਸ਼ਨ ਸਿੰਘ ਢਿੱਲੋਂ

ਨਵੰਬਰ 2013 ਵਿਚ ਮੈਂ ਅਰਵਿੰਦਪਾਲ ਸਿੰਘ ਮੰਡੇਰ ਦੀ ਕਿਤਾਬ 'ਧਰਮ ਅਤੇ ਪੱਛਮ ਦਾ ਪ੍ਰੇਤ— ਸਿਖੀ, ਭਾਰਤ, ਉਤਰ ਬਸਤੀਵਾਦੀ ਅਤੇ ਤਰਜਮੇ ਦੀ ਸਿਆਸਤ' ਨਾਮੀ ਕਿਤਾਬ, ਜੋ ਕਿ 2009 ਵਿਚ ਕੋਲੰਬੀਆ ਯੂਨੀਵਰਸਟੀ ਤੋਂ ਛਪੀ, ਦਾ ਰਿਵਿਊ ਲਿਖਿਆ ਅਤੇ ਉਸ ਨੂੰ ਇੰਟਰਨੈੱਟ 'ਤੇ ਪਾਇਆ। ਇਸ ਰੀਵਿਊ ਦਾ ਸਾਰੰਸ਼ ਮੈਂ ਕੈਨੇਡਾ ਅਤੇ ਅਮਰੀਕਾ ਦੇ ਰੇਡਿਉ ਅਤੇ ਟੀ.ਵੀ. ਚੈਨਲਾਂ 'ਤੇ ਵੀ ਦਿਤਾ। ਇਹ ਕਿਤਾਬ ਸਿੱਖੀ ਲਈ ਬਹੁਤ ਹੀ ਘਾਤਕ ਹੈ ਅਤੇ ਡਬਲਿਊ ਐਚ. ਮੈਕਲੋਡ ਦੇ ਸਿੱਖੀ ਬਾਰੇ ਰੱਖੇ ਹੋਏ ਫ਼ਰੇਮ ਵਰਕ (framework) ਨੂੰ ਸ਼ਰਧਾਜਲੀ ਦੇ ਕੇ ਅੱਗੇ ਲਿਜਾਣ ਦੀ ਕੋਸ਼ਿਸ਼ ਹੈ। ਇਹ ਕਿਤਾਬ ਸਿੱਖ ਵਿਰੋਧੀ ਤਾਕਤਾਂ ਦੇ ਗਿਣੇ ਮਿੱਥੇ ਏਜੰਡੇ ਨੂੰ ਬਲ ਦੇਣ ਲਈ ਕਿਸੇ ਸਾਜ਼ਸ਼ ਅਧੀਨ ਲਿਖੀ ਹੋਈ ਪ੍ਰਾਪੇਗੰਡਾ ਦਸਤਾਵੇਜ਼ ਹੈ। ਇਸ ਕਿਤਾਬ ਦੇ ਲੇਖਕ ਮੰਡੇਰ, ਮਿਸ਼ੀਗਨ ਯੂਨੀਵਰਸਟੀ ਵਿਚ ਸਿੱਖ ਸਟਡੀਜ਼ ਦੀ ਚੇਅਰ 'ਤੇ ਬਤੌਰ ਐਸੋਸੀਏਟ ਪ੍ਰੋਫ਼ੈਸਰ, ਕੰਮ ਕਰ ਰਹੇ ਹਨ।

ਇਥੇ ਇਕ ਗੱਲ ਖ਼ਾਸ ਤੌਰ 'ਤੇ ਵਰਣਨਯੋਗ ਹੈ ਕਿ ਜਦ ਇਹ ਸਾਰੀ ਚਰਚਾ ਚਲ ਰਹੀ ਸੀ ਤਾਂ ਮੈਨੂੰ ਲਗਾਤਾਰ ਇਕ ਅਖੌਤੀ ਸਕਾਲਰ ਪ੍ਰਭਸ਼ਰਨਦੀਪ ਦੇ ਬੜੇ ਲੰਮੇ-ਲੰਮੇ ਟੈਲੀਫ਼ੋਨ ਆਉਣੇ ਸ਼ੁਰੂ ਹੋ ਗਏ। ਉਸ ਨੇ ਟੈਲੀਫ਼ੋਨ 'ਤੇ ਮੰਡੇਰ ਦੇ ਹੱਕ ਵਿਚ ਸਫ਼ਾਈਆਂ ਦੇਣੀਆਂ ਸ਼ੁਰੂ ਕਰ ਦਿਤੀਆਂ। ਇਥੋਂ ਤਕ ਕਹਿਣਾ ਸ਼ੁਰੂ ਕਰ ਦਿਤਾ ਕਿ ਮੰਡੇਰ ਦੀ ਕਿਤਾਬ ਨੂੰ ਸਮਝਣਾ ਕੋਈ ਸੌਖਾ ਨਹੀਂ ਕਿਉਂਕਿ ਇਹ ਕਿਤਾਬ ਜਰਮਨ ਫ਼ਿਲਾਸਫ਼ਰ ਹੀਗਲ ਦੀ ਵਿਚਾਰਧਾਰਾ 'ਤੇ ਆਧਾਰਤ ਹੈ। ਇਸੇ ਗੱਲਬਾਤ ਦੌਰਾਨ ਹੀ ਮੈਂ ਇਸ ਕਿਤਾਬ ਵਿਚੋਂ ਹਵਾਲੇ ਦੇ ਕੇ ਪ੍ਰਭਸ਼ਰਨਦੀਪ ਨੂੰ ਕੁੱਝ ਸਵਾਲ ਕੀਤੇ। ਇਸੇ ਸੰਦਰਭ ਵਿਚ ਪ੍ਰਭਸ਼ਰਨਦੀਪ ਨੇ ਕੈਨੇਡਾ ਤੋਂ ਛਪਦੇ ਅਖ਼ਬਾਰ 'ਪੰਜਾਬ ਟਾਈਮਜ਼' ਦੇ 7 ਫ਼ਰਵਰੀ, 2014 ਦੇ ਅੰਕ ਵਿਚ ਇਕ ਲੇਖ ਲਿਖ ਕੇ ਮੰਡੇਰ ਦੇ ਹੱਕ ਵਿਚ ਸਫ਼ਾਈ ਦੇਣ ਦੀ ਕੋਸ਼ਿਸ਼ ਕੀਤੀ ਹੈ।


RELIGION AND THE SPECTER OF THE WEST
SIKHISM, INDIA, POSTCOLONIALITY, AND THE POLITICS OF TRANSLATION
ARVIND-PAL S. MANDAIR

1. ਮੈਂ ਮੰਡੇਰ ਦੀ ਕਿਤਾਬ ਦੇ 388 ਪੰਨੇ ਦਾ ਹਵਾਲਾ ਦਿਤਾ ਜਿਥੇ ਮੰਡੇਰ ਕਹਿੰਦਾ ਹੈ ਕਿ 'ਸਿੱਖ ਧਰਮ ਇਕ ਅੰਤਰਮੁਖੀ ਧਰਮ ਹੈ ਅਤੇ ਇਸ ਵਿਚ ਪ੍ਰਭੂਸੱਤਾ 'ਤੇ ਆਧਾਰਤ ਰਾਜਨੀਤੀ ਦੀ ਗੱਲ ਕਰਨੀ ਇਸ ਦੇ ਮੂਲ ਸਿਧਾਂਤਾਂ ਦੀ ਉਲੰਘਣਾ ਹੈ ਅਤੇ ਸਿੱਖੀ ਦਾ ਦੁਬਾਰਾ ਅਪਣੀ ਅੰਤਰਮੁਖੀ ਅਵੱਸਥਾ ਵਿਚ ਜਾਣਾ ਹੀ ਉਚਿਤ ਹੈ' ("Sikhism must revert to its original peaceful state. True Sikhism is without a desire for sovereignty, a Sikhism that has already renounced politics through interiorization") ਇਸ ਗੱਲ ਦਾ ਸਿੱਧਾ ਜਵਾਬ ਪ੍ਰਭਸ਼ਰਨਦੀਪ ਕੋਲ ਕੋਈ ਨਹੀਂ ਸੀ। ਉਹ ਇਹ ਕਹਿ ਕੇ ਗੱਲ ਟਾਲ ਰਿਹਾ ਸੀ ਕਿ ਮੈਂ ਮੰਡੇਰ ਦੇ ਕੁੱਝ ਮੁੱਦਿਆਂ ਨਾਲ ਸਹਿਮਤ ਨਹੀਂ। ਉਂਜ ਤਾਂ ਪ੍ਰਭਸ਼ਰਨਦੀਪ ਸਿੱਖੀ ਹੱਕਾਂ 'ਤੇ ਪਹਿਰਾ ਦੇਣ ਦਾ ਜ਼ੋਰਦਾਰ ਦਾਅਵਾ ਕਰਦਾ ਹੈ ਅਤੇ ਇਸ ਤਰ੍ਹਾਂ ਦੋਹਾਂ ਬੇੜੀਆਂ ਦੀ ਸਵਾਰੀ ਕਰਨ ਦੀ ਕੋਸ਼ਿਸ਼ ਕਰਦਾ ਹੈ।

2. ਮੈਂ ਪ੍ਰਭਸ਼ਰਨਦੀਪ ਨੂੰ ਪੁਛਿਆ ਕਿ ਮੰਡੇਰ ਅਪਣੀ ਕਿਤਾਬ ਦੇ ਪੰਨਾ 295 'ਤੇ ਸਿੱਖ ਧਰਮ ਨੂੰ ਗੁਰੂ ਨਾਨਕ ਸਾਹਿਬ ਤੋਂ ਬਾਅਦ ਨਿਘਾਰਵਾਦੀ ("degenerative evolution") ਦੌਰ ਵਿਚ ਵਿਚਰਦਾ ਦਸਦਾ ਹੈ ਅਤੇ ਖ਼ਾਲਸੇ ਦੀ ਸਿਰਜਣਾ ਦਾ ਜ਼ਿਕਰ ਤਕ ਨਹੀਂ ਕਰਦਾ। ਇਸ 'ਤੇ ਉਸ ਨੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿਤਾ।

3. ਮੈਂ ਪ੍ਰਭਸ਼ਰਨਦੀਪ ਨੂੰ ਯਾਦ ਕਰਾਇਆ ਕਿ ਮੰਡੇਰ ਅਪਣੀ ਕਿਤਾਬ ਦੇ ਪੰਨਾ 255 ਤੇ ਗੁਰੂ ਨਾਨਕ ਸਾਹਿਬ ਤੋਂ ਬਾਅਦ 9 ਗੁਰੂ ਸਾਹਿਬਾਨ ਨੂੰ ਘੱਟ ਪੱਧਰ (weaker copies) ਦਾ ਦਰਜਾ ਦਿੰਦਾ ਹੈ। ਇਸ ਦੇ ਜਵਾਬ 'ਚ ਪ੍ਰਭਸ਼ਰਨਦੀਪ ਲਾਜਵਾਬ ਹੋ ਗਿਆ।

4. ਮੈਂ ਪ੍ਰਭਸ਼ਰਨਦੀਪ ਨੂੰ ਪੁਛਿਆ ਕਿ ਮੰਡੇਰ ਗੁਰੂ ਨਾਨਕ ਸਾਹਿਬ ਨੂੰ ਪੈਗ਼ੰਬਰ ਮੰਨਣ ਤੋਂ ਕਿਉਂ ਇਨਕਾਰੀ ਹੈ ਅਤੇ ਸੁਲਤਾਨਪੁਰ ਲੋਧੀ ਵਿਚ ਵੇਈਂ ਨਦੀ ਵਿਚ ਹੋਏ ਇਲਹਾਮ (revelation) ਨੂੰ ਸਿੰਘ ਸਭਾ ਵਲੋਂ ਮਨ-ਘੜਤ (pseudo theory-page 211) ਬਣਾਈ ਮਿਥਿਆ ਦਸਦਾ ਹੈ। ਮੰਡੇਰ ਦਾ ਮੱਤ ਹੈ ਕਿ ਅਜਿਹਾ ਇਲਹਾਮ ਕਿਸੇ ਵੀ ਸਾਧਾਰਣ ਪੁਰਸ਼ ਨੂੰ ਹੋ ਸਕਦਾ ਹੈ। ਇਸ ਦਾ ਪ੍ਰਭਸ਼ਰਨਦੀਪ ਕੋਲ ਕੋਈ ਜਵਾਬ ਨਹੀਂ ਸੀ ਅਤੇ ਉਸ ਨੇ ਕਿਹਾ ਕਿ ਉਹ ਇਸ ਨੂੰ ਦੁਬਾਰਾ ਪੜ੍ਹ ਕੇ ਜਵਾਬ ਦੇਵੇਗਾ।

5. ਮੰਡੇਰ ਨੇ ਕਿਤਾਬ ਦੇ ਪੰਨਾ 369 'ਤੇ ਮੂਲ ਮੰਤਰ ਦੀ ਤੌਹੀਨ ਕੀਤੀ। ੴ ਦੀ ਵਿਆਖਿਆ ਕਰਦਿਆਂ ਇਸ ਨੂੰ ਧੋਖਾ ਦੇਣ ਵਾਲਾ ਸਿਧਾਂਤ ('deceitful concept') ਦਸਿਆ। ਮੰਡੇਰ ਅਨੁਸਾਰ, ਸਿੱਖੀ ਇਕ ਰੱਬ ਨੂੰ ਮੰਨਣ ਵਾਲਾ (monotheism) ਧਰਮ ਪ੍ਰਤੀਤ ਨਹੀਂ ਹੁੰਦਾ। ਜੋ ਮਰੋੜ ਤਰੋੜ ਕੇ ੴ ਦੀ ਵਿਆਖਿਆ ਮੰਡੇਰ ਨੇ ਕੀਤੀ ਉਸ ਦਾ ਵੀ ਪ੍ਰਭਸ਼ਰਨਦੀਪ ਕੋਲ ਕੋਈ ਜਵਾਬ ਨਹੀਂ ਸੀ।

6. ਇਥੇ ਹੀ ਬਸ ਨਹੀਂ, ਪੰਨਾ 229 'ਤੇ, ਮੰਡੇਰ ਨੇ ਤਾਂ ਮੂਲ ਮੰਤਰ ਵਿਚੋਂ 'ਅਕਾਲ ਮੂਰਤਿ' ਸ਼ਬਦ ਨੂੰ ਹੀ ਬਾਹਰ ਕੱਢ ਕੇ ਸਿੱਖੀ ਨੂੰ ਮੂਰਤੀ ਪੂਜਾ ਨਾਲ ਜੋੜ ਦਿਤਾ ਹੈ। ਮੈਂ ਪ੍ਰਭਸ਼ਰਨਦੀਪ ਨੂੰ ਪੁਛਿਆ ਕਿ ਕੀ ਗੁਰਮਤਿ ਵਿਚ ਮੂਰਤੀ ਪੂਜਾ ਹੈ? ਕੀ ਅਕਾਲ ਮੂਰਤਿ ਸ਼ਬਦ ਨੂੰ ਪੂਰੇ ਮੂਲ ਮੰਤਰ ਵਿਚੋਂ ਬਾਹਰ ਕੱਢ ਕੇ ਇਸ ਦੀ ਗ਼ਲਤ ਵਿਆਖਿਆ ਕਰਨੀ ਗੁਮਰਾਹ ਕਰਨ ਵਾਲੀ ਗੱਲ ਨਹੀਂ ਹੈ? ਇਕ ਮੂਰਤੀ (idol) ਨਾਲ 'ਨਿਰਭਉ', 'ਨਿਰਵੈਰੁ' ਅਤੇ 'ਅਜੂਨੀ ਸੈਭੰ' ਸ਼ਬਦ ਕਿਵੇਂ ਜੁੜ ਸਕਦੇ ਹਨ? ਇਹ ਸਾਰੀਆਂ ਵਿਸ਼ੇਸ਼ਤਾਈਆਂ ਤਾਂ ਇਕ ਰੱਬ ਦੇ ਗੁਣਾਂ ਨੂੰ ਹੀ ਦਰਸਾਉਂਦੀਆਂ ਹਨ। ਪ੍ਰਭਸ਼ਰਨਦੀਪ ਹਵਾ ਵਿਚ ਤਲਵਾਰਾਂ ਤਾਂ ਚਲਾ ਸਕਦਾ ਹੈ ਪਰ ਇਨ੍ਹਾਂ ਗੱਲਾਂ ਦੇ ਉਤਰ ਦੇਣ ਦੀ ਸਮਰੱਥਾ ਨਹੀਂ ਰਖਦਾ। ਮੰਡੇਰ ਦੀ ਡੂੰਘੀ ਚਾਲ ਤਾਂ ਇਹ ਹੈ ਕਿ ਸਿੱਖੀ ਵਿਚੋਂ ਅਕਾਲ (Timelessness, transcendance) ਦਾ ਅੰਸ਼ ਕੱਢ ਕੇ ਇਸ ਨੂੰ ਕਾਲ (Time) ਦੇ ਦਾਇਰੇ ਵਿਚ ਲਿਆਂਦਾ ਜਾਵੇ। ਉਹ ਇਸ ਗੱਲ ਨੂੰ ਭਲੀ ਭਾਂਤ ਸਮਝਦਾ ਹੈ ਕਿ ਜਿਸ ਧਰਮ ਵਿਚ ਅਕਾਲ ਦੀ ਥਾਂ ਕਾਲ ਆ ਜਾਂਦਾ ਹੈ ਉਸ ਧਰਮ ਦੀ ਬੁਨਿਆਦ ਹੀ ਖ਼ਤਮ ਹੋ ਜਾਂਦੀ ਹੈ। ਸੂਝਵਾਨ ਪਾਠਕ ਵੀ ਇਸ ਗੱਲ ਨੂੰ ਸਮਝ ਸਕਦੇ ਹਨ ਕਿ ਧਰਮ ਵਿਚੋਂ ਅਕਾਲ ਨੂੰ ਕੱਢ ਦੇਣਾ ਕਿਨ੍ਹਾਂ ਘਾਤਕ ਹੈ?

7. ਮੰਡੇਰ ਦਾ ਦ੍ਰਿੜ੍ਹ ਵਿਚਾਰ ਹੈ ਕਿ ਪਛਮੀ ਯੂਨੀਵਰਸਟੀਆਂ ਦੁਆਰਾ ਗੁਰਮਤਿ ਨੂੰ ਭੌਤਿਕ ਕਸਵੱਟੀ 'ਤੇ ਸਖ਼ਤੀ ਨਾਲ ('ruthless interpretation of Gurmat') ਪਰਖ ਕੇ ਹੀ ਸਿੱਖ ਕੌਮ ਦੀਆਂ ਰਾਜਸੀ ਸਮੱਸਿਆਵਾਂ ਦਾ ਹੱਲ ਲਭਿਆ ਜਾ ਸਕਦਾ ਹੈ। 'ਨਾਮ ਸਿਮਰਨ' ਦੀ ਵਿਆਖਿਆ ਕਰਦਾ ਹੋਇਆ ਮੰਡੇਰ ਕਹਿੰਦਾ ਹੈ ਕਿ 'ਸਿਮਰਨ' ਸ਼ਬਦ ਸੰਸਕ੍ਰਿਤ ਵਿਚੋਂ ਉਪਜਿਆ ਹੈ, ਜਿਸ ਦੇ ਮੁਤਾਬਕ ਉਹ ਸਿਮਰਨ ਨੂੰ ਮਰਨ ਨਾਲ ਜੋੜਦਾ ਹੈ। ਕਹਿਣ ਤੋਂ ਭਾਵ ਕਿ ਸਿਮਰਨ ਸੱਭ ਤੋਂ ਪਹਿਲਾਂ ਇਨਸਾਨ ਨੂੰ ਮਰਨ ਦੀ ਯਾਦ ਦਵਾਉਂਦਾ ਹੈ ਅਤੇ ਬਾਅਦ ਵਿਚ ਰੱਬ ਨਾਲ ਜੋੜਦਾ ਹੈ। ਇਹ ਸੱਭ ਸੁਣ ਕੇ ਪ੍ਰਭਸ਼ਰਨਦੀਪ ਨੇ ਕਿਹਾ ਕਿ ਇਥੇ ਤਾਂ ਮੈਨੂੰ ਕੋਈ ਸਮੱਸਿਆ (Problem) ਨਜ਼ਰ ਆਉਂਦੀ ਹੈ।

8. ਮੰਡੇਰ ਅਨੁਸਾਰ, ਈਸਾਈ ਧਰਮ ਹੀ ਇਕ ਅਜਿਹਾ ਧਰਮ ਹੈ ਜਿਸ ਵਿਚ ਮਾਨਵਤਾਵਾਦੀ ਕਾਇਨਾਤੀ ਵਿਚਾਰਧਾਰਾ ਹੈ ਅਤੇ 21ਵੀਂ ਸਦੀ ਲਈ ਅੰਤਰ-ਰਾਸ਼ਟਰੀਕਰਨ ਦੇ ਸੰਦਰਭ ਵਿਚ ਇਸ ਨੂੰ ਅਪਣਾ ਲੈਣ ਨਾਲ ਹੀ ਮਾਨਵ ਜਾਤੀ ਦਾ ਕਲਿਆਣ ਹੋ ਸਕਦਾ ਹੈ। ਵੈਸੇ ਤਾਂ ਉਸ ਨੂੰ ਹਿੰਦੂ ਧਰਮ ਵਿਚ ਵੀ ਕਾਇਨਾਤੀ ਮਾਨਵਤਾਵਾਦੀ ਤੱਤ ਨਜ਼ਰ ਆਉਂਦੇ ਹਨ ਜੋ ਕਿ ਅੰਤਰ-ਰਾਸ਼ਟਰੀਕਰਨ ਵਿਚ ਸਹਾਇਕ ਸਿੱਧ ਹੋ ਸਕਦੇ ਹਨ ਪਰ ਦੋਹਾਂ ਦਾ ਫ਼ਰਕ ਸਿਰਫ਼ ਏਨਾ ਹੀ ਹੈ ਕਿ ਈਸਾਈਆਂ ਨੂੰ ਅੰਗਰੇਜ਼ੀ ਭਾਸ਼ਾ ਦਾ ਲਾਭ ਹੈ ਜੋ ਕਿ ਅੰਤਰ-ਰਾਸ਼ਟਰੀ ਭਾਸ਼ਾ ਵਜੋਂ ਮੰਨੀ ਜਾਂਦੀ ਹੈ। ਮੰਡੇਰ ਨੇ ਅੰਤਰ-ਰਾਸ਼ਟਰੀਕਰਨ ਦਾ ਜੋ ਬੀੜਾ ਚੁਕਿਆ ਹੈ, ਉਸ ਵਿਚ ਉਹ ਸਿੱਖ ਗੁਰੂਆਂ ਦੇ ਸਰਬ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਤਾਂ ਬਿਲਕੁਲ ਹੀ ਨਜ਼ਰ-ਅੰਦਾਜ਼ ਕਰਦਾ ਹੈ। ਇਸ ਦੇ ਜਵਾਬ ਵਿਚ ਪ੍ਰਭਸ਼ਰਨਦੀਪ ਕਹਿੰਦਾ ਹੈ ਕਿ ਮੰਡੇਰ ਨੇ ਤਾਂ ਧਰਮ ਦੀ ਇਕ ਨਵੀਂ ਅਤੇ ਆਧੁਨਿਕ ਪਰਿਭਾਸ਼ਾ ਕਾਇਮ ਕੀਤੀ ਹੈ ਅਤੇ ਉਹ ਗੁਰਮਤਿ ਸਿਧਾਂਤਾਂ ਨੂੰ ਇਸ ਦੇ ਦਾਇਰੇ ਵਿਚ ਲਿਆ ਰਿਹਾ ਹੈ। ਮੰਡੇਰ ਪਛਮੀ ਨੁਕਤੇ ਤੋਂ ਸਿੱਖ ਸਿਧਾਂਤਾਂ ਦੀ ਵਿਆਖਿਆ ਕਰਦਿਆਂ ਕਹਿੰਦਾ ਹੈ ਕਿ ਸਿੱਖੀ ਵਿਚ ਕੇਵਲ 'ਸ਼ਬਦ ਗੁਰੂ' ਇਕ ਅਜਿਹਾ ਸਿਧਾਂਤ ਹੈ ਜੋ ਕਿ ਧਰਮ ਪ੍ਰਤੀ ਪਛਮੀ ਪਹੁੰਚ ਦੀ ਕਸਵੱਟੀ 'ਤੇ ਪੂਰਾ ਉਤਰਦਾ ਹੈ ਕਿਉਂਕਿ ਇਹ ਵਿਗਿਆਨਕ ਅਤੇ ਅੰਤਰ-ਮੁਖੀ ਹੈ ਅਤੇ ਬਾਕੀ ਦੇ ਸਾਰੇ ਗੁਰਮਤਿ ਸਿਧਾਂਤ ਆਧੁਨਿਕ ਕਾਇਨਾਤੀ ਦਾਇਰੇ ਵਿਚ ਨਹੀਂ ਸਮਾ ਸਕਦੇ। (Mandair states, 'non-monotheistic and non-monistic conception of Shabad Guru, far from being yet another idiosyncratic product of modern Sikh ideology, resists ideology as such' page-333)

9. ਮੈਕਲਿਉਡ ਦੀ ਦਿਸ਼ਾ ਨਿਰਦੇਸ਼ ਹੇਠ ਚਲਦਿਆਂ, ਮੰਡੇਰ ਵਾਰ-ਵਾਰ ਇਹ ਕਹਿੰਦਾ ਹੈ ਕਿ ਸਿੰਘ ਸਭਾ ਲਹਿਰ ਤੋਂ ਪਹਿਲਾਂ ਸਿੱਖ ਧਰਮ ਦੀ ਕੋਈ ਪਰਿਭਾਸ਼ਾ ਨਹੀਂ ਸੀ ਅਤੇ ਨਾ ਹੀ ਸਿੱਖਾਂ ਦੀ ਕੋਈ ਵਖਰੀ ਹੋਂਦ ਸੀ। ਉਸ ਦਾ ਕਹਿਣਾ ਹੈ ਕਿ ਸਿੰਘ ਸਭਾ ਨੇ ਸੱਭ ਤੋਂ ਪਹਿਲਾਂ ਪਛਮੀ ਸਮਾਜਵਾਦੀ ਤਾਕਤਾਂ ਦੇ ਪ੍ਰਭਾਵ ਹੇਠ ਆ ਕੇ ਸਿੱਖ ਧਰਮ ਦੀ ਪਰਿਭਾਸ਼ਾ ਨਿਸ਼ਚਿਤ ਕੀਤੀ। ਸਿਖਾਂ ਦੇ ਧਾਰਮਕ ਗ੍ਰੰਥ, ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਨਾਲ ਹੀ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ 'ਗੁਰੂ ਕਾ ਸਿੱਖ' ਅਤੇ ਸਿੱਖ ਸ਼ਬਦ ਵਾਰ-ਵਾਰ ਦੁਹਰਾਏ ਗਏ ਹਨ। ਗੁਰੂ ਸਾਹਿਬਾਨ ਨੇ ਇਕ ਨਵੀਂ ਵਿਚਾਰਧਾਰਾ ਅਨੁਸਾਰ ਸਾਰੀ ਮਨੁੱਖਤਾ ਨੂੰ ਇਕ ਪ੍ਰਭੂ ਦੀ ਸੰਤਾਨ ਮੰਨਿਆ, ਜਾਤ ਪਾਤ ਦਾ ਖੰਡਨ ਕੀਤਾ, ਮੂਰਤੀ ਪੂਜਾ ਦਾ ਵਿਰੋਧ ਕੀਤਾ ਅਤੇ ਇਸਤਰੀ ਜਾਤੀ ਨਾਲ ਵਿਤਕਰੇ ਵਿਰੁਧ ਸਖ਼ਤ ਆਵਾਜ਼ ਉਠਾਈ। ਇਸ ਵਿਚਾਰਧਾਰਾ ਅਨੁਸਾਰ, ਮੁਕਤੀ ਜੰਗਲਾਂ ਵਿਚ ਜਾ ਕੇ ਤੱਪ ਸਾਧਣ ਜਾਂ ਸਰੀਰ ਨੂੰ ਅਨੇਕ ਤਰ੍ਹਾਂ ਦੇ ਕਸ਼ਟ ਦੇ ਕੇ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਗੁਰੂ ਸਾਹਿਬਾਨ ਅਨੁਸਾਰ ਗ੍ਰਹਿਸਤ ਵਿਚ ਰਹਿ ਕੇ, ਸੱਚ ਦੇ ਮਾਰਗ ਚਲਦਿਆਂ ਹੀ ਗੁਰੂ ਦੇ ਚਰਨਾਂ ਦੀ ਛੋਹ ਪ੍ਰਾਪਤ ਹੋ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸੰਤ ਸਿਪਾਹੀ ਬਣਾਇਆ। ਹਰ ਤਰ੍ਹਾਂ ਦੇ ਜਬਰ, ਜ਼ੁਲਮ ਅਤੇ ਅਨਿਆਂ ਨਾਲ ਜੂਝਣ ਦੀ ਨਾ ਕੇਵਲ ਸਿਖਿਆ ਹੀ ਦਿਤੀ, ਸਗੋਂ ਆਪ ਅਗਵਾਈ ਵੀ ਕੀਤੀ, ਸ਼ਹਾਦਤਾਂ ਵੀ ਦਿਤੀਆਂ। ਇਹ ਗੁਰਮਤਿ ਦੇ ਧਾਰਨੀ ਸਿੱਖ ਹੀ ਸਨ ਜਿਨ੍ਹਾਂ ਨੇ 18ਵੀਂ ਸਦੀ ਵਿਚ ਹਰ ਤਰ੍ਹਾਂ ਦੀਆਂ ਔਕੜਾਂ ਅਤੇ ਜ਼ੁਲਮ ਦਾ ਸਾਹਮਣਾ ਕਰਦੇ ਹੋਏ ਖੇਪਰੀਆਂ ਲੜਾਈਆਂ ਅਤੇ ਬੇਮਿਸਾਲ ਸ਼ਹਾਦਤਾਂ ਦਿਤੀਆਂ। ਮੰਡੇਰ ਦੀ ਪੁਸਤਕ ਵਿਚ ਸਿੱਖੀ ਦੇ ਇਸ ਇਤਿਹਾਸਕ ਦੌਰ ਦਾ ਜ਼ਿਕਰ ਤਕ ਨਹੀਂ ਆਉਂਦਾ। ਉਹ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਨਾਲ ਸ਼ਹੀਦ ਹੋਣ ਵਾਲੇ 740 ਸਿੱਖਾਂ ਦੀ ਦਿਲ ਕੰਬਾਊ ਕੁਰਬਾਨੀ ਦਾ ਨਾਮ ਤਕ ਨਹੀਂ ਲੈਂਦਾ। ਮੰਡੇਰ ਦੀ ਪੰਜ ਸੌ ਸਫ਼ਿਆਂ ਦੀ ਪੁਸਤਕ ਸਿੱਖੀ ਦੇ ਅਧਿਐਨ ਦੇ ਖੇਤਰ ਵਿਚ ਹਰ ਤਰ੍ਹਾਂ ਦੇ ਧਾਰਮਕ ਅਤੇ ਸਭਿਆਚਾਰਕ ਵਿਵਾਦ ਖੜੇ ਕਰਦੀ ਹੈ। ਉਸ ਵਲੋਂ ਸਿੰਘ ਸਭਾ ਦੇ ਵਿਦਵਾਨਾਂ ਪ੍ਰਤੀ ਅਪਨਾਇਆ ਆਲੋਚਨਾਤਮਕ ਰਵਈਆ ਬਿਲਕੁਲ ਹੀ ਬੇਬੁਨਿਆਦ ਹੈ। ਇਹ ਵਿਦਵਾਨ ਤਾਂ ਸਿੱਖੀ ਸਿਧਾਂਤਾਂ ਅਤੇ ਪ੍ਰੰਪਰਾ 'ਤੇ ਪਹਿਰਾ ਦੇ ਰਹੇ ਸਨ, ਉਨ੍ਹਾਂ ਨੇ ਕੋਈ ਨਵੀਂ ਵਿਚਾਰਧਾਰਾ ਪੇਸ਼ ਨਹੀਂ ਸੀ ਕੀਤੀ। ਇਹ ਵਿਦਵਾਨ ਸਿੱਖਾਂ ਦੇ ਨਿਮਾਣੇ ਜਹੇ ਵਰਗ ਵਿਚੋਂ ਸਨ ਜਿਨ੍ਹਾਂ ਕੋਲ ਸੱਭ ਤੋਂ ਵੱਡਾ ਤੇ ਇਕੋ ਹੀ ਹਥਿਆਰ, ਕੇਵਲ ਗੁਰਮਤਿ ਦਾ ਹਥਿਆਰ ਸੀ ਜਿਸ ਦੀ ਸਹੀ ਵਿਆਖਿਆ ਨਾਲ ਉਨ੍ਹਾਂ ਨੇ ਈਸਾਈ ਮੱਤ ਅਤੇ ਆਰੀਆ ਸਮਾਜ ਵਲੋਂ ਦਿਤੀਆਂ ਚੁਨੌਤੀਆਂ ਦਾ ਡੱਟ ਕੇ ਸਾਹਮਣਾ ਕੀਤਾ। ਟਰੰਪ ਨੇ ਗੁਰਮਤਿ ਸਿਧਾਂਤਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਸੀ। ਸਿੰਘ ਸਭਾ ਦੇ ਵਿਦਵਾਨਾਂ ਨੇ ਇਸ ਦੀ ਜਗ੍ਹਾ ਮੈਕਾਲਿਫ਼ ਤੋਂ ਸਿੱਖ ਧਰਮ ਬਾਰੇ ਇਕ ਸਹੀ ਪ੍ਰਭਾਵਸ਼ਾਲੀ ਦਸਤਾਵੇਜ਼ ਤਿਆਰ ਕਰਵਾਈ। ਮੰਡੇਰ ਟਰੰਪ ਦੀ ਸ਼ਲਾਘਾ ਕਰਦਾ ਤਾਂ ਥਕਦਾ ਹੀ ਨਹੀਂ ਪਰ ਮੈਕਾਲਿਫ਼ ਦੇ ਛੇ ਜਿਲਦਾਂ ਵਿਚ ਲਿਖੀ ਮਹਾਨ ਦਸਤਾਵੇਜ਼ ਨੂੰ ਬਿਲਕੁਲ ਨਜ਼ਰ-ਅੰਦਾਜ਼ ਕਰਦਾ ਹੈ। ਮੰਡੇਰ ਮੈਕਲਿਉਡ ਦੇ ਰੱਜ ਕੇ ਗੁਣ ਗਾਉਂਦਾ ਹੈ ਅਤੇ ਉਸ ਨੂੰ ਸਿੱਖਾਂ ਦਾ ਸੱਭ ਤੋਂ ਵਡਾ ਇਤਿਹਾਸਕਾਰ ਦਰਸਾਉਂਦਾ ਹੈ।

10. ਮੰਡੇਰ ਅਪਣੀ ਦਸਤਾਵੇਜ਼ ਜਰਮਨ ਫ਼ਿਲਾਸਫ਼ਰ ਹੀਗਲ ਦੇ ਸੰਦਰਭ ਵਿਚ ਪੇਸ਼ ਕਰਦਾ ਹੈ। ਹੀਗਲ ਪਛਮੀ ਸਭਿਅਤਾ ਦਾ ਪੁਜਾਰੀ ਸੀ ਤੇ ਪੂਰਬੀ ਸਭਿਅਤਾ ਨੂੰ ਨੀਵੀਂ ਪੱਧਰ 'ਤੇ ਪੇਸ਼ ਕਰਦਾ ਸੀ। ਉਸ ਦੀ ਵਿਚਾਰਧਾਰਾ ਅਨੁਸਾਰ, ਸਟੇਟ ਨੂੰ ਪੂਰਨ ਅਧਿਕਾਰ ਪ੍ਰਾਪਤ ਹੋਣੇ ਚਾਹੀਦੇ ਹਨ ਤਾਕਿ ਉਹ ਮਨੁੱਖੀ ਅਧਿਕਾਰਾਂ ਉਪਰ ਪੂਰਾ ਕੰਟਰੋਲ ਕਰ ਸਕੇ। ਹਿਟਲਰ ਉਪਰ ਹੀਗਲ ਦੀ ਵਿਚਾਰਧਾਰਾ ਦਾ ਪੂਰਾ ਪ੍ਰਭਾਵ ਸੀ ਜਿਸ ਕਾਰਨ ਉਸ ਨੇ ਤਾਨਾਸ਼ਾਹੀ ਨੀਤੀ ਅਪਨਾਈ, ਮਨੁੱਖੀ ਅਧਿਕਾਰਾਂ ਤੇ ਕਦਰਾਂ ਕੀਮਤਾਂ ਦੀ ਪ੍ਰਵਾਹ ਨਾ ਕਰਦਿਆਂ ਜੋ ਕਤਲੇਆਮ ਕੀਤਾ, ਉਸ ਦੀ ਮਿਸਾਲ ਘੱਟ ਹੀ ਵੇਖਣ ਵਿਚ ਆਉਂਦੀ ਹੈ।

☛ ਬਾਕੀ ਸਫ਼ਾ 3 'ਤੇ

ਸਾਰੀ ਛਾਣਬੀਨ ਕਰਨ ਉਪਰੰਤ ਕੁੱਝ ਹੇਠ ਲਿਖੇ ਤੱਥ ਪੇਸ਼ ਕਰ ਰਿਹਾ ਹਾਂ ਤਾਕਿ ਪਾਠਕ ਆਪ ਹੀ ਅੰਦਾਜ਼ਾ ਲਾ ਲੈਣ ਕਿ ਸਿੱਖੀ ਨੂੰ ਢਾਹ ਲਾਉਣ ਲਈ ਹਿੰਦੂਤਵ ਅਤੇ ਪਛਮੀ ਸ਼ਕਤੀਆਂ ਕਿਸ ਤਰ੍ਹਾਂ ਇਨ੍ਹਾਂ ਅਖੌਤੀ ਵਿਦਵਾਨਾਂ ਨੂੰ ਹੱਥਾਂ ਵਿਚ ਲੈ ਕੇ ਤੇ ਮਾਇਆ ਜੰਜਾਲ ਵਿਚ ਫਸਾ ਕੇ ਸਿੱਖੀ ਦੀਆਂ ਜੜ੍ਹਾਂ ਵਿਚ ਤੇਲ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ :

1. **ਪ੍ਰਭਸ਼ਰਨਦੀਪ ਅਤੇ ਅਰਵਿੰਦਪਾਲ ਮੰਡੇਰ ਨੇ ਰਲ ਕੇ 'ਯੂ.ਸੀ. ਬਰਕਲੇ ਸਿੱਖ ਸਟਡੀਜ਼ ਕਾਨਫ਼ਰੰਸ: ਆਫ਼ਟਰ 1984' (UC Berkelay Sikh Studies Conference: after 1984) ਦੇ ਸਿਰਲੇਖ ਹੇਠ ਕਾਨਫ਼ਰੰਸ ਕੀਤੀ ਅਤੇ ਵਾਅਦਾ ਕੀਤਾ ਕਿ ਉਹ ਇਸ ਸਾਰੀ ਪ੍ਰੋਸੀਡਿੰਗ ਨੂੰ ਇਕ ਚੰਗੇ ਪਬਲਿਸ਼ਰ ਤੋਂ ਛਪਵਾ ਕੇ ਸਿੱਖੀ ਦੇ ਅਕਸ ਨੂੰ ਪਛਮੀ ਮੁਲਕਾਂ ਵਿਚ ਸੁਧਾਰਨ ਲਈ ਇਕ ਕਿਤਾਬ ਦੀ ਸ਼ਕਲ ਵਿਚ ਪੇਸ਼ ਕਰਨਗੇ ਪਰ ਦੁੱਖ ਦੀ ਗੱਲ ਇਹ ਹੈ ਕਿ ਕੁਲ ਰਕਮ, ਜੋ ਕਿ 40,000 ਅਮਰੀਕਨ ਡਾਲਰ ਬਣਦੇ ਹਨ, ਇਹ ਰਲ-ਮਿਲ ਕੇ ਹੜਪ ਕਰ ਗਏ ਅਤੇ ਅੱਜ ਤਕ ਇਸ ਕਾਨਫ਼ਰੰਸ ਦਾ ਇਕ ਅੱਖਰ ਛਪ ਕੇ ਸਾਹਮਣੇ ਨਹੀਂ ਆਇਆ। ਇਹ ਰਕਮ ਸਿੱਖ ਯੂਥ ਆਫ਼ ਅਮਰੀਕਾ ਨੇ ਮੁਹੱਈਆ ਕਰਵਾਈ ਸੀ। ਕੀ ਪ੍ਰਭਸ਼ਰਨਦੀਪ ਇਸ ਬਾਰੇ ਕੁੱਝ ਕਹਿਣਾ ਚਾਹੁੰਦੇ ਹਨ?**
2. **ਕੀ ਪ੍ਰਭਸ਼ਰਨਦੀਪ ਨੂੰ ਪੀਐਚ.ਡੀ. ਕਰਵਾਉਣ ਲਈ ਹਿੰਦੂਆਂ ਦੀ ਇਕ ਨਾਮੀ ਜਥੇਬੰਦੀ "The Oxford Centre for Hindu Studies UK" ਸਕਾਲਰਸ਼ਿਪ ਨਹੀਂ ਦੇ ਰਹੀ? ਕੀ ਇਹ ਜਥੇਬੰਦੀ ਇਸ ਅਖੌਤੀ ਵਿਦਵਾਨ ਤੋਂ ਸਿੱਖੀ ਦਾ ਸਹੀ ਮੁਲਾਂਕਣ ਕਰਵਾਏਗੀ?**
3. **ਕੀ ਪ੍ਰਭਸ਼ਰਨਦੀਪ ਦਸੇਗਾ ਕਿ ਉਸ ਦੇ DANAM (Dharma Academy of North America) ਨਾਲ ਕਿਸ ਤਰ੍ਹਾਂ ਦੇ ਰਿਸ਼ਤੇ ਹਨ?**
4. **ਕੀ ਪ੍ਰਭਸ਼ਰਨਦੀਪ ਦੱਸੇਗਾ ਕਿ ਉਸ ਦਾ ਉਬਰਾਏ ਫ਼ਾਊਂਡੇਸ਼ਨ ਨਾਲ ਕਿਸ ਕਿਸਮ ਦਾ ਰਿਸ਼ਤਾ ਹੈ? ਉਬਰਾਏ ਫ਼ਾਊਂਡੇਸ਼ਨ ਦੇ ਬਾਨੀ ਮਹਿੰਦਰ ਸਿੰਘ ਉਬਰਾਏ ਸਿੱਖ ਸਨ, ਪਰ ਹੁਣ ਇਹ ਫ਼ਾਊਂਡੇਸ਼ਨ ਹਿੰਦੂਤਵ ਦੇ ਕੰਟਰੋਲ ਵਿਚ ਆ ਚੁੱਕੀ ਹੈ ਅਤੇ ਉਹ ਸੈਮੀਨਾਰਾਂ/ਕਾਨਫ਼ਰੰਸਾਂ ਲਈ ਪ੍ਰਭਸ਼ਰਨਦੀਪ, ਮੰਡੇਰ, ਭੋਗਲ ਇਤਿਆਦਿਕ ਅਖੌਤੀ ਸਕਾਲਰਾਂ ਨੂੰ ਪੈਸਾ ਦੇ ਕੇ ਕਾਨਫ਼ਰੰਸਾਂ ਕਰਵਾਉਂਦੇ ਹਨ ਤਾਕਿ ਸਿੱਖੀ ਭੇਖ ਵਾਲੇ ਲੋਕਾਂ ਤੋਂ ਸਿੱਖੀ ਵਿਰੁਧ ਲਿਖਵਾ ਕੇ ਭੋਲੇ ਭਾਲੇ ਸਿੱਖਾਂ ਨੂੰ ਭੰਬਲ-ਭੂਸੇ ਵਿਚ ਪਾਇਆ ਜਾ ਸਕੇ।**
5. **ਕੀ ਇਹ ਸੱਚ ਨਹੀਂ ਕਿ ਮਿਸ਼ੀਗਨ ਯੂਨੀਵਰਸਟੀ ਦੀ ਸਿੱਖ ਸਟਡੀਜ਼ ਦੀ ਚੇਅਰ, ਜਿਸ ਲਈ ਸਿੱਖਾਂ ਨੇ ਫ਼ੰਡ ਦਿਤੇ ਸਨ ਅਤੇ ਇਹ ਉਮੀਦ ਰੱਖੀ ਸੀ ਕਿ ਇਸ ਚੇਅਰ ਤੋਂ ਸਿੱਖੀ ਦੀ ਆਜ਼ਾਦ ਪਛਾਣ (Unique & independent Sikh identity) ਬਾਰੇ ਲਿਖਿਆ ਜਾਏਗਾ, ਨੂੰ ਮੰਡੇਰ ਨੇ ਉਬਰਾਏ ਫ਼ਾਊਂਡੇਸ਼ਨ ਵਲੋਂ 2011 ਵਿਚ ਇਕ ਵਰਕਸ਼ਾਪ ਕਰਵਾ ਕੇ ਸਿੱਖੀ ਨੂੰ ਹਿੰਦੂ ਧਰਮ ਦੀ ਇਕ ਸ਼ਾਖਾ ਵਜੋਂ ਪੇਸ਼ ਕੀਤਾ?**

ਧਰਤੀ ਉਤੇ ਜੰਨਤ-

ਜਸਵਿੰਦਰ ਸਿੰਘ ਸੰਧੂ

ਗਏ, ਕੁਦਰਤ ਦੀ ਗੋਦ ਵਿਚ ਕੁੱਝ ਸਮਾਂ ਬਿਤਾ ਕੇ ਵਾਪਸ ਹੋਟਲ ਆ ਗਏ ਕਿਉਂਕਿ ਸ਼ਾਮ ਹੋ ਚੁੱਕੀ ਸੀ ਅਤੇ ਸਵੇਰੇ ਜਲਦੀ ਸ੍ਰੀਨਗਰ ਲਈ ਨਿਕਲਣਾ ਸੀ। ਸਵੇਰ ਦੇ ਰਸਤੇ ਦੀ ਜਾਣਕਾਰੀ ਹਾਸਿਲ ਕਰ ਕੇ ਤੇ ਰੋਟੀ ਖਾ ਕੇ ਸੌਂ ਗਏ।

ਅਗਲੇ ਦਿਨ ਸਵੇਰੇ ਜਲਦੀ ਗੱਡੀ ਤੋਰ ਲਈ ਕਿਉਂਕਿ ਪਤਨੀਟਾਪ ਤੋਂ ਸ੍ਰੀਨਗਰ ਦੀ ਦੂਰੀ ਲਗਪਗ 185 ਕਿ.ਮੀ. ਹੈ। ਮੈਨੂੰ ਪਹਾੜੀ ਖੇਤਰ ਵਿਚ ਕਾਰ ਚਲਾਉਣ ਦਾ ਬਹੁਤ ਅਨੰਦ ਆਉਂਦਾ ਹੈ,

ਬਾਰੇ ਪੜ੍ਹ-ਸੁਣ ਰਖਿਆ ਸੀ ਕਿ ਇਹ ਇੰਜੀਨੀਅਰਿੰਗ ਦਾ ਬੜਾ ਵੱਡਾ ਕਮਾਲ ਹੈ। ਸੋਚਦੇ-ਸੋਚਦੇ ਉਦੋਂ ਪਤਾ ਲੱਗਾ ਜਦੋਂ ਅਸੀ ਸੁਰੰਗ ਦੇ ਦੁਆਰ 'ਤੇ ਪਹੁੰਚ ਗਏ। ਸੁਰੱਖਿਆ ਚੈਕਿੰਗ ਤੋਂ ਬਾਅਦ ਜਦੋਂ ਅਸੀ ਸੁਰੰਗ ਵਿਚ ਦਾਖ਼ਲ ਹੋਏ ਤਾਂ ਇੰਜੀਨੀਅਰਾਂ ਦੀ ਕਾਰੀਗਰੀ ਵੇਖ ਕੇ ਉਨ੍ਹਾਂ ਨੂੰ ਸਲਾਮ ਕਰਨ ਨੂੰ ਦਿਲ ਕੀਤਾ। ਲਗਪਗ ਢਾਈ

ਕਿਲੋਮੀਟਰ

ਗੱਡੀਆਂ ਲੰਘਦੀਆਂ ਹਨ। ਸੁਰੱਖਿਆ ਦੇ ਬੜੇ ਪੱਕੇ ਪ੍ਰਬੰਧ ਹਨ।

ਸੁਰੰਗ ਪਾਰ ਕਰਦਿਆਂ ਹੀ ਥੋੜੀ ਦੂਰ ਫ਼ੌਜ ਦੇ ਜਵਾਨਾਂ ਵਲੋਂ ਪਹਾੜ ਦੀ ਚੋਟੀ ਉਪਰ ਇਕ ਟਾਈਟੈਨਿਕ ਵਿਊ ਦਾ ਸਥਾਨ ਬਣਾਇਆ ਹੋਇਆ ਹੈ, ਜੋ ਟਾਈਟੈਨਿਕ ਜਹਾਜ਼ ਵਾਂਗ ਅੱਗੇ ਤੋਂ ਤਿੱਖਾ ਹੈ। ਇਸ ਉਪਰ ਖੜੋ ਕੇ ਕਸ਼ਮੀਰ ਵਾਦੀ ਦਾ ਪਹਿਲਾ ਦਰਸ਼ਨ ਹੁੰਦਾ ਹੈ। ਇਸ ਨੂੰ ਕਸ਼ਮੀਰ ਦਾ ਦੁਆਰ ਵੀ ਕਿਹਾ ਜਾਂਦਾ ਹੈ। ਇਸ ਤੋਂ ਅੱਗੇ ਸ਼ੁਰੂ ਹੁੰਦਾ ਹੈ ਵਾਦੀ-ਏ-ਕਸ਼ਮੀਰ ਦਾ ਮਨਮੋਹਕ ਨਜ਼ਾਰਾ।

ਦੂਰ ਉੱਚੇ ਪਹਾੜ ਤੇ ਵਿਚਕਾਰ ਪੰਜਾਬ ਵਰਗਾ ਪੱਧਰਾ ਇਲਾਕਾ ਅਤੇ ਸੁਹਾਵਣਾ ਮੌਸਮ। ਜਿਵੇਂ ਜਿਵੇਂ ਅਸੀ ਅੱਗੇ ਵਧਦੇ ਗਏ ਉਵੇਂ-ਉਵੇਂ ਸਾਡਾ ਮਨ ਖਿੜਦਾ ਗਿਆ। ਪੰਜਾਬ ਵਾਂਗ ਹੀ ਵਾਦੀ ਵਿਚ ਬਾਸਮਤੀ ਦੀ ਬਿਜਾਈ ਚੱਲ ਰਹੀ ਸੀ।

ਆਸ-ਪਾਸ ਦੇ ਖੇਤ ਅਤੇ ਕੁਦਰਤੀ ਸੁੰਦਰਤਾ ਵੇਖਦੇ-ਵੇਖਦੇ ਜਿਹਲਮ ਦਰਿਆ ਦੇ ਕੰਢੇ 'ਤੇ ਬਣੇ ਇਕ ਰੇਸਟੋਰੈਂਟ ਵਿਚ ਖਾਣਾ ਖਾਧਾ ਅਤੇ ਚਾਹ ਪੀਤੀ। ਫਿਰ ਜਾ ਕੇ ਗੱਡੀ ਦੀ ਬਰੇਕ ਪੈਮਪੋਰ ਵਿਖੇ ਲਾਈ ਜਿਥੇ ਕੇਸਰ ਦੀ ਖੇਤੀ ਹੁੰਦੀ ਹੈ। ਸੜਕ ਦੇ ਨਾਲ-ਨਾਲ ਕੇਸਰ ਦੀ ਖੇਤੀ ਵਾਲੀ ਜ਼ਮੀਨ ਵੇਖੀ। ਭਾਵੇਂ ਉਨ੍ਹਾਂ ਦਿਨਾਂ ਵਿਚ ਅਸੀ ਕੇਸਰ ਦੇ ਫੁੱਲ ਤਾਂ ਨਹੀਂ ਵੇਖ ਸਕੇ ਪਰ ਉਥੋਂ ਦੇ ਕਿਸਾਨਾਂ ਤੋਂ ਇਸ ਦੀ ਖੇਤੀ ਬਾਰੇ ਜਾਣਕਾਰੀ ਜ਼ਰੂਰ ਲਈ ਕਿਉਂਕਿ ਪੂਰੀ ਦੁਨੀਆਂ ਵਿਚ ਕਸ਼ਮੀਰੀ ਕੇਸਰ ਸੱਭ ਤੋਂ ਵਧੀਆ ਮੰਨਿਆ ਜਾਂਦਾ ਹੈ।

(ਚਲਦਾ)

ਮੋਬਾਈਲ : 99145-00842